# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 pm**

**ਮਿਤੀ: 31-05-2025**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮਧ ਪ੍ਰਦੇਸ਼ ਦੇ ਭੋਪਾਲ ਦੇ ਜੰਬੂਰੀ ਮੈਦਾਨ 'ਚ ਲੋਕ ਮਤਾ ਦੇਵੀ ਅਹਿਲਜਾ ਬਾਈ ਜੀ ਦੀ 300 ਦੀ ਜਨਮ ਵਰ੍ਹੇਗੰਢ ਮੌਕੇ ਕਰਾਏ ਗਏ ਮਹਿਲਾ ਸ਼ਕਤੀਕਰਣ ਮਹਾ ਸੰਮੇਲਨ 'ਚ ਕਿਹਾ ਏ ਕਿ ਦ੍ਰਿੜ ਇਛਾ ਸ਼ਕਤੀ ਦੇ ਪ੍ਰਤੀਕ, ਲੋਕ੍ਮਾਤਾ ਦੇਵੀ ਅਹਿਲਯਾ ਬਾਈ ਹੋਲਕਰ ਨੇ। ਪ੍ਰਧਾਨ ਮੰਤਰੀ ਨੇ ਭੋਪਾਲ 'ਚ ਕਈ ਵਿਕਾਸ ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ।

---------------------------------------------------------------

ਪੰਜਾਬ ਵਿੱਚ ''ਆਪ੍ਰੇਸ਼ਨ ਸ਼ੀਲਡ'' ਤਹਿਤ ਅੱਜ ਦੂਜੀ ਮੌਕ ਡ੍ਰਿਲ ਕੀਤੀ ਜਾ ਰਹੀ ਏ। ਹੋਮ ਗਾਰਡ ਦੇ ਵਿਸ਼ੇਸ਼ ਪੁਲਿਸ ਡਾਇਰੈਕਟਰ ਜਨਰਲ, ਸੰਜੀਵ ਕਾਲੜਾ ਨੇ, ਜੋ ਸਿਵਲ ਡਿਫੈਂਸ ਦੇ ਡਾਇਰੈਕਟਰ ਵੀ ਨੇ, ਗ੍ਰਹਿ ਮੰਤਰਾਲੇ ਤੋਂ ਦਿਸ਼ਾ-ਨਿਰਦੇਸ਼ ਮਿਲਣ ਤੋਂ ਬਾਅਦ ਇਸ ਸਬੰਧ ਵਿੱਚ

ਹੁਕਮ ਜਾਰੀ ਕੀਤੇ। ਇਹ mock drill ਇਹਤੀਅਤਨ ਕੀਤਾ ਜਾ ਰਿਹਾ ਇੱਕ ਅਭਿਆਸ ਏ । ਇਸ ਵਿਚ ਘਬਰਾਉਣ ਦੀ ਕੋਈ ਲੋੜ ਨਹੀਂ ਏ. ਨਾਗਰਿਕਾਂ ਨੂੰ ਅਪੀਲ ਕੀਤੀ ਜਾਂਦੀ ਏ ਕਿ ਬਸ ਦੱਸੇ ਗਏ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇ ਅਤੇ ਜਾਅਲੀ ਖ਼ਬਰਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾਵੇ. ਇਹ ਡ੍ਰਿਲ ਕਿਸੇ ਵੀ ਦੁਸ਼ਮਣ ਹਮਲੇ ਦੇ ਵਿਰੁੱਧ ਸਿਵਲ ਡਿਫੈਂਸ ਦੀ ਤਿਆਰੀ ਨੂੰ ਵਧਾਉਣ ਲਈ ਪੂਰੇ ਸਰਹੱਦੀ ਸੂਬੇ ਪੰਜਾਬ ਵਿੱਚ ਕੀਤੀ ਜਾ ਏ । ਸਾਰੀਆਂ ਸਬੰਧਤ ਸੁਰੱਖਿਆ ਏਜੰਸੀਆਂ, ਫਾਇਰ ਬ੍ਰਿਗੇਡ, ਸਿਵਲ ਡਿਫੈਂਸ ਵਲੰਟੀਅਰ ਇਸ ਵਿੱਚ ਹਿੱਸਾ ਲੈ ਰਹੇ ਨੇ । ਵੱਖ-ਵੱਖ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੇ ਡ੍ਰਿਲ ਬਾਰੇ ਜਨਤਕ ਨਿਰਦੇਸ਼ ਜਾਰੀ ਕੀਤੇ ਨੇ. ਹਵਾਈ ਹਮਲੇ ਦੀ ਚੇਤਾਵਨੀ ਦੇਣ ਵਾਲੇ ਹੂਟਰ ਦੱਸੇ ਗਏ ਸਮੇਂ ਦੌਰਾਨ ਪੂਰੀ ਤਰ੍ਹਾਂ ਬਲੈਕ-ਆਊਟ ਦੇ ਨਾਲ ਵਜਾਏ ਜਾਣਗੇ ਅਤੇ ਜਨਤਾ ਨੂੰ ਨਿਰਦੇਸ਼ਨ ਦੀ ਉਸੇ ਤਰ੍ਹਾਂ ਪਾਲਣਾ ਕਰਨੀ ਏ ਜਿਵੇਂ 7 ਮਈ ਅਤੇ ਉਸ ਤੋਂ ਬਾਅਦ ਕੀਤੀ ਗਈ ਸੀ । ਇਨਵਰਟਰਾਂ ਜਾਂ ਜਨਰੇਟਰਾਂ ਨਾਲ ਚਲਣ ਵਾਲੀਆਂ ਲਾਈਟਾਂ ਸਮੇਤ ਸਾਰੀਆਂ ਲਾਈਟਾਂ ਬੰਦ ਕਰਨੀਆਂ ਹੋਣਗੀਆਂ. ਸੜਕ 'ਤੇ ਵਾਹਨਾਂ ਨਾਲ ਯਾਤਰਾ ਕਰਨ

ਵਾਲਿਆਂ ਨੂੰ ਵੀ ਆਪਣੀਆਂ ਲਾਈਟਾਂ ਬੰਦ ਕਰਨ ਦੀ ਬੇਨਤੀ ਕੀਤੀ ਜਾਂਦੀ ਏ। ਜਨਤਕ ਸਹਾਇਤਾ ਲਈ ਐਮਰਜੈਂਸੀ ਟੈਲੀਫੋਨ ਨੰਬਰ ਵੀ ਜਾਰੀ ਕੀਤੇ ਗਏ ਨੇ। ਜਲੰਧਰ 'ਚ ਮੌਕ ਡ੍ਰਿਲ ਦਾ ਸਮਾਂ ਰਾਤ ਸਾਢੇ 9 ਤੋਂ 10 ਵਜੇ ਤਕ ਦਾ ਏ . ਬਠਿੰਡਾ ਵਿੱਚ ਸ਼ਾਮ ਸਾਢੇ 8 ਵਜੇ ਤੋਂ 8 ਵਜ ਕੇ 40 ਤੱਕ ਬਲੈਕ ਆਊਟ ਰਹੇਗਾ. ਜ਼ਿਲ੍ਹਾ ਤਰਨ ਤਾਰਨ ਵਿੱਚ ਸ਼ਾਮ ਸਾਢੇ 8 ਵਜੇ ਤੋਂ 9.00 ਵਜੇ ਤੱਕ ਬਲੈਕ ਆਊਟ ਅਭਿਆਸ ਕੀਤਾ ਜਾਵੇਗਾ. ਪਟਿਆਲਾ ਦੇ ਪੋਲੋ ਗਰਾਊਂਡ ਵਿਖੇ "ਓਪਰੇਸ਼ਨ ਸ਼ੀਲਡ" ਸ਼ਾਮ 5 ਤੋਂ 8 ਵਜੇ ਤੱਕ ਮੌਕ ਡਰਿੱਲ ਹੋਵੇਗੀ.ਲਾਲ ਬਾਗ਼ ਕਲੋਨੀ ਵਿਖੇ ਰਾਤ 8 ਵਜੇ ਤੋਂ 8 ਵਜ ਕੇ 10 ਮਿੰਟ ਤੱਕ ਬਲੈਕ ਆਊਟ ਕੀਤਾ ਜਾਵੇਗਾ। ਇਸੇ ਤਰ੍ਹਾਂ ਹਿ ਹੋਰਨਾ ਜ਼ਿਲਿਆਂ ਵਿਚ ਵੀ ਮੌਕ ਡ੍ਰਿਲ ਅਭਿਆਸ ਤੇ ਬਲੈਕ out ਕੀਤਾ ਜਾਏਗਾ. ਇਹ ਬਲੈਕ ਆਊਟ ਤੇ ਮੋਕ ਡਰਿੱਲ ਇਹਤੀਅਤ ਦੇ ਤੌਰ 'ਤੇ ਕੀਤੇ ਜਾਣਗੇ. ਲੋਕਾਂ ਨੂੰ ਨਾ ਘਬਰਨਾਉਣ ਦੀ ਅਪੀਲ ਕੀਤੀ ਜਾਂਦੀ ਏ।

---------------------------------------------------

BSF ਨੇ ਦੱਸਿਆ ਏ ਕਿ, 'ਏਕ ਭਾਰਤ ਸ਼੍ਰੇਸ਼ਠ ਭਾਰਤ' ਤਹਿਤ ਕਰਾਏ

ਜਾਂਦੇ ਪ੍ਰੋਗ੍ਰਾਮਾਂ ਦੀ ਲੜੀ 'ਚ ਰਾਸ਼ਟਰੀ ਏਕਤਾ ਤੇ ਭਾਈਚਾਰਕ ਭਾਵਨਾ ਦੇ ਜੀਵੰਤ ਜਜ਼ਬੇ 'ਚ BSF ਵਲੋਂ ਇੱਕ ਸਾਇਕਲ ਰੈਲੀ ਕਰਾਈ ਗਈ. ਇਸ ਰੈਲੀ'ਚ BSF ਮੁਲਾਜ਼ਮਾਂ ਅਤੇ ਸਰਹੱਦੀ ਪਿੰਡਾਂ ਦੇ ਸਥਾਨਕ ਲੋਕਾਂ ਨੇ ਬੜੇ ਹਿ ਉਤਸ਼ਾਹ ਨਾਲ ਹਿੱਸਾ ਲਿਆ. ਇਹ ਭਾਰਤ ਸਰਕਾਰ ਦੀ ਇੱਕ ਪਹਿਲ ਏ ਜਿਸਦਾ ਉਦੇਸ਼ ਸਾਡੇ ਦੇਸ਼ ਦੀਆਂ ਰਵਾਇਤਾਂ ਨੂੰ ਇਕੱਠੇ ਅੱਗੇ ਵਧਾਉਣਾ ਏ. ਇਸ ਰੈਲੀ ਵਿੱਚ ਵੱਖ-ਵੱਖ ਖੇਤਰਾਂ ਦੇ ਨੌਜਵਾਨਾਂ, ਸਕੂਲੀ ਬੱਚਿਆਂ ਅਤੇ ਬੀਐਸਐਫ ਜਵਾਨਾਂ ਨੇ ਹਿੱਸਾ ਲਿਆ. BSF ਦੇ DIG SS ਚੰਦੇਲ ਨੇ ਇਸ ਮੌਕੇ ਕਿਹਾ –

BYTE – DIG – 30 sec

ਸਰਹੱਦੀ ਪਿੰਡ ਦੇ ਇੱਕ ਨਿਵਾਸੀ ਅਤੇ ਕਿਸਾਨ ਆਗੂ ਨੇ ਕਿਹਾ ਕਿ ਬੀਐਸਐਫ ਦਾ ਇਹ ਉਪਰਾਲਾ ਸ਼ਲਾਘਾਯੋਗ ਏ, ਇਸ ਨਾਲ ਨੌਜਵਾਨਾਂ ਨੂੰ ਨਸ਼ਿਆਂ ਦੇ ਆਦੀ ਹੋਣ ਤੋਂ ਰੋਕਿਆ 'ਚ ਮਦਦ ਮਿਲੇਗੀ ਅਤੇ ਨੌਜਵਾਨ ਤੰਦਰੁਸਤ ਰਹਿਣਗੇ, ਅਤੇ ਇਸੇ ਲਈ ਅਜਿਹੇ ਪ੍ਰੋਗਰਾਮ ਹੁੰਦੇ ਰਹਿਣੇ ਚਾਹੀਦੇ ਨੇ ।

---------------------------------------------------------------

ਪੁਣੇ ਸਥਿਤ ਨੈਸ਼ਨਲ ਡਿਫੈਂਸ ਅਕੈਡਮੀ (NDA) ਦੀ ਕੱਲ੍ਹ ਪ੍ਰਸਿੱਧ ਖੇਤਰਪਾਲ ਮੈਦਾਨ ਵਿੱਚ, 148ਵੇਂ ਕੋਰਸ ਦੀ ਪਾਸਿੰਗ ਆਊਟ ਪਰੇਡ ਹੋਈ। 17 ਮਹਿਲਾ ਕੈਡਿਟਾਂ ਨੇ 300 ਤੋਂ ਵੱਧ ਮਰਦ ਕੈਡਿਟਾਂ ਨਾਲ NDA ਦੀ ਪਾਸਿੰਗ ਆਊਟ ਪਰੇਡ ਵਿੱਚ ਹਿੱਸਾ ਲਿਆ। ਕਨਵੋਕੇਸ਼ਨ ਸਮਾਰੋਹ ਦੌਰਾਨ, ਕੈਡਿਟਾਂ ਨੂੰ ਡਿਗਰੀਆਂ ਵੀ ਪ੍ਰਦਾਨ ਕੀਤੀਆਂ ਗਈਆਂ। ਮੁਹਾਲੀ ਸਥਿਤ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੇ ਅੱਠ ਕੈਡਿਟ NDA ਤੋਂ ਗ੍ਰੈਜੂਏਟ ਹੋਏ ਨੇ। ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਇਨ੍ਹਾਂ ਅੱਠ ਕੈਡਿਟਾਂ ਨੇ NDA ਤੋਂ  ਤਿੰਨ ਸਾਲਾਂ ਦੀ ਸਿਖਲਾਈ ਸਫ਼ਲਤਾ ਨਾਲ ਪੂਰੀ ਕਰ ਲਈ ਏ ਅਤੇ ਹੁਣ ਉਹ ਰੱਖਿਆ ਸੇਵਾਵਾਂ ਵਿੱਚ ਕਮਿਸ਼ਨਡ ਅਫ਼ਸਰ ਬਣਨ ਤੋਂ ਪਹਿਲਾਂ ਇੱਕ ਸਾਲ ਦੀ ਸਿਖਲਾਈ ਲਈ, ਸਰਵਿਸ ਟ੍ਰੇਨਿੰਗ ਅਕੈਡਮੀਆਂ ਵਿੱਚ ਜਾਣਗੇ। ਸ੍ਰੀ ਅਮਨ ਅਰੋੜਾ ਨੇ ਪਾਸ ਆਊਟ ਹੋਏ ਨੌਜਵਾਨਾਂ ਨੂੰ ਜ਼ਿੰਦਗੀ ਵਿੱਚ ਨਵੀਆਂ ਬੁਲੰਦਿਆਂ

ਛੂਹਣ ਤੇ ਸੂਬੇ ਦਾ ਨਾਂ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ ਅਤੇ ਰੱਖਿਆ ਸੇਵਾਵਾਂ ਵਿੱਚ ਕਮਿਸ਼ਨਡ ਅਫ਼ਸਰ ਬਣਨ ਦੇ ਚਾਹਵਾਨ ਨੌਜਵਾਨਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਵੱਲੋਂ ਦਿੱਤੇ ਜਾ ਰਹੇ ਸ਼ਾਨਦਾਰ ਨਤੀਜਿਆਂ 'ਤੇ ਖੁਸ਼ੀ ਤੇ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ।

---------------------------------------------------------------------

ਭ੍ਰਿਸ਼ਟਾਚਾਰ ਵਿਰੁੱਧ ਆਪਣੀ ਮੁਹਿੰਮ ਨੂੰ ਜਾਰੀ ਰਖਦਿਆਂ, ਪੰਜਾਬ ਵਿਜੀਲੈਂਸ ਬਿਊਰੋ ਨੇ ਕਲ੍ਹ ਸੀਆਈਏ ਸਟਾਫ ਜਲੰਧਰ ਵਿਖੇ ਤਾਇਨਾਤ ਪੁਲਿਸ ਸਬ-ਇੰਸਪੈਕਟਰ ਸੁਖਰਾਜ ਸਿੰਘ ਨੂੰ 30,ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ। ਇਸ ਬਾਰੇ ਖੁਲਾਸਾ ਕਰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀ ਜਲੰਧਰ ਦੇ ਰਹਿਣ ਵਾਲੇ ਇੱਕ ਫਰਮ ਮਾਲਕ ਵੱਲੋਂ ਕੀਤੀ ਗਈ ਸ਼ਿਕਾਇਤ ਤੋਂ ਬਾਅਦ ਕੀਤੀ ਗਈ ਏ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਤੋਂ ਬਾਅਦ

ਵਿਜੀਲੈਂਸ ਬਿਊਰੋ ਦੀ ਟੀਮ ਨੇ ਇੱਕ ਜਾਲ ਵਿਛਾਇਆ ਜਿਸ ਦੌਰਾਨ ਸਬ ਇੰਸਪੈਕਟਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 30 ਹਜ਼ਾਰ ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ।